13

## ਮੈਡੀਕਲ ਸੇਵਾਵਾਂ

ਚਾਹੇ 1991 ਵਿਚ ਪਹਿਲਾਂ ਪੀ ਸੀ ਐਸ ਅਫਸਰਾਂ ਨੇ ਬਗਾਵਤ ਕੀਤੀ ਸੀ ਪਰੰਤੂ ਰਾਜ ਦੇ ਮੈਡੀਕਲ ਅਫ਼ਸਰ ਵੀ ਤੰਗ ਆ ਗਏ ਸਨ। ਪ੍ਰਸ਼ਾਸਕੀ ਅਫ਼ਸਰਾਂ ਦੀ ਤਰ੍ਹਾਂ, ਡਾਕਟਰੀ ਵੀ ਪ੍ਰਮਾਣਿਕ ਵਿਧੀਆਂ ਦੀ ਉਲੰਘਣਾ ਕਰਨ ਅਤੇ ਪੁਲਿਸ ਦੀ ਸਹੂਲਤ ਲਈ ਝੂਠ ਬੋਲਣ ਲਈ ਮਜਬੂਰ ਕੀਤੇ ਜਾਣ ਤੋਂ ਬਹੁਤ ਤੰਗ ਆ ਗਏ ਸਨ।

ਪੰਜਾਬ ਸਿਵਿਲ ਮੈਡੀਕਲ ਸੇਵਾਵਾਂ ਦੁਆਰਾ ਜਾਰੀ ਇਕ ਪ੍ਰੈਸ ਨੋਟ ਵਿਚ ਡਾਕਟਰਾਂ ਨੇ ਅਜਿਹੀਆਂ ਮਿਸਾਲਾਂ ਦਾ ਹਵਾਲਾ ਦਿੱਤਾ ਜਦੋਂ ਉਨ੍ਹਾਂ ਨੂੰ ਹਿੰਸਕ ਘਟਨਾਵਾਂ ਵਾਲੀਆਂ ਥਾਵਾਂ ਤੇ "ਤੁਰਤ" ਪੋਸਟ-ਮਾਰਟਮ ਕਰਨ ਅਤੇ ਬਣਾਉਟੀ ਰੋਸ਼ਨੀ ਵਿਚ ਰਾਤ ਨੂੰ ਲਾਸ਼ਾਂ ਦਾ ਮੁਆਇਨਾ ਕਰਨ ਲਈ ਮਜਬੂਰ ਕੀਤਾ ਗਿਆ। ਉਨ੍ਹਾਂ ਨੇ ਕਿਹਾ ਕਿ ਇਹ ਵੀ ਇਕ ਅਸਾਧਾਰਨ ਗੱਲ ਨਹੀਂ ਸੀ ਕਿ ਉਨ੍ਹਾਂ ਨੂੰ ਪੁਲਿਸ ਦੁਆਰਾ ਪਹਿਲਾਂ ਲਿੱਖੀਆਂ ਪੋਸਟ-ਮਾਰਟਮ ਰਿਪੋਰਟਾਂ ਜਾਂ ਖਾਲੀ ਪੋਸਟ-ਮਾਰਟਮ ਫਾਰਮਾਂ ਤੇ ਦਸਤਖ਼ਤ ਕਰਨ ਲਈ ਕਿਹਾ ਜਾਂਦਾ ਸੀ।

ਸੰਸਥਾ ਦੇ ਪ੍ਰਧਾਨ (ਡਾ. ਐਮ.ਐਸ.ਰੰਧਾਵਾ) ਅਤੇ ਜਨਰਲ ਸੈਕਟਰੀ (ਡਾ. ਮਨਜੀਤ ਸਿੰਘ) ਨੇ ਡਾਕਟਰਾਂ ਨੂੰ ਚਿਤਾਵਨੀ ਦਿੱਤੀ ਕਿ ਉਨ੍ਹਾਂ ਨੂੰ ਇਸ ਦੇ ਖੁਦ ਸਿੱਟੇ ਭੁਗਤਣੇ ਪੈਣਗੇ ਜੇਕਰ ਉਨ੍ਹਾਂ ਨੇ ਝੂਠੀਆਂ ਅਤੇ ਵਿਵਾਦਪੂਰਨ ਪੋਸਟ-ਮਾਰਟਮ ਰਿਪੋਰਟਾਂ ਦਿੱਤੀਆਂ। ਉਨ੍ਹਾਂ ਵੱਲੋਂ ਸਪੱਸ਼ਟ ਤੌਰ ਤੇ ਇਹ ਕਹਿਣ ਤੋਂ ਬਾਅਦ ਡਾਕਟਰ ਬਚਿੱਤਰ ਸਿੰਘ, ਡਾਇਰੈਕਟਰ ਸਿਹਤ ਸੇਵਾਵਾਂ ਦੀ ਮੌਤ ਦਿੱਤੀ ਗਈ।

ਜਦੋਂ ਡਾ. ਬਚਿੱਤਰ ਸਿੰਘ ਅਤੇ ਉਸ ਦੇ ਸਾਥੀਆਂ ਨੂੰ 9 ਨਵੰਬਰ, 1991 ਦੇ ਸ਼ੁਰੂ ਵਿਚ ਲੁਧਿਆਣੇ ਨੇੜੇ ਇਕ ਪਿੰਡ ਦੇ ਸਿਹਤ ਕੇਂਦਰ ਵਿਚ ਮਾਰ ਦਿੱਤਾ ਗਿਆ ਤਾਂ ਖ਼ਬਰ ਦਿੱਤੀ ਗਈ ਕਿ ਇਹ ਕੰਮ ਅੱਤਵਾਦੀਆਂ ਨੇ ਕੀਤਾ ਹੈ ਪਰੰਤੂ ਇਹ ਚੀਜ਼ ਲੁਕੀ ਨਹੀਂ ਸੀ ਕਿ ਪੁਲਿਸ ਉਸ ਨੂੰ ਖਾੜਕੂਆਂ ਦੀ ਤਰ੍ਹਾਂ ਆਪਣੇ ਰਸਤੇ ਵਿਚੋਂ ਦੂਰ ਕਰਨਾ ਚਾਹੁੰਦੀ ਸੀ। ਇਹ ਉਹ ਆਦਮੀ ਸੀ ਜਿਹੜਾ ਜ਼ਾਹਰਾ ਤੌਰ ਤੇ ਪੁਲਿਸ ਦੇ ਇਸ ਕੰਮ ਨੂੰ ਹੋਰ ਜ਼ਿਆਦਾ ਚਿਰ ਨਹੀਂ ਸਹਿ ਸਕਦਾ ਸੀ ਅਤੇ ਆਖਰ ਉਹ ਬੋਲ ਹੀ ਪਿਆ।

9 ਨਵੰਬਰ ਦੀ **ਦਿ ਟ੍ਰਿਬਿਊਨ** ਵਿਚ ਇਕ ਖਬਰ ਆਈ "ਕਿ ਸੂਤਰਾਂ ਦੀ ਰਾਏ ਹੈ ਕਿ ਡਾ. ਬਚਿੱਤਰ ਸਿੰਘ ਅਤੇ ਉਸ ਦੇ ਅਮਲੇ ਨੂੰ ਅੱਤਵਾਦੀਆਂ ਨੇ ਮਾਰਿਆ ਹੈ ਕਿਉਂਕਿ ਉਹ (ਡਾਕਟਰ) ਪੁਲਿਸ ਦੀ ਇੱਛਾ ਅਨੁਸਾਰ ਰਿਪੋਰਟਾਂ ਦੇ ਰਹੇ ਸਨ। ਪਰੰਤੂ ਇਹ ਵੀ ਇਕ ਸੱਚਾਈ ਹੈ ਕਿ ਡਾ. ਬਚਿੱਤਰ ਸਿੰਘ ਨੇ ਸਕੱਤਰ, ਸਿਹਤ ਸੇਵਾਵਾਂ ਨੂੰ ਇਹ ਸੁਝਾਅ ਦਿੰਦਿਆਂ ਇਕ ਨੋਟ ਭੇਜਿਆ ਸੀ ਕਿ ਹਿੰਸਾ ਅਤੇ / ਜਾਂ ਪੁਲਿਸ ਮੁਕਾਬਲੇ ਵਿਚ ਮਾਰੇ ਜਾਂਦੇ ਵਿਅਕਤੀਆਂ ਦੇ ਪੋਸਟ-ਮਾਰਟਮ ਕਿਸੇ ਇਕ ਜਾਂ ਦੋ ਡਾਕਟਰਾਂ, ਜਿਨ੍ਹਾਂ ਤੇ ਪੁਲਿਸ ਦਾਬਾ ਪਾ ਸਕਦੀ ਹੈ, ਦੀ ਬਜਾਏ ਡਾਕਟਰਾਂ ਦੇ ਇਕ ਪੈਨਲ ਦੁਆਰਾ ਕੀਤੇ ਜਾਣ ਅਤੇ ਸਿਫਾਰਸ਼ ਕੀਤੀ ਕਿ ਸੂਰਜ ਛਿਪਣ ਤੋਂ ਬਾਅਦ ਪੋਸਟ-ਮਾਰਟਮ ਨਾ ਕੀਤਾ ਜਾਵੇ।" ਇਸ ਤੋਂ ਪੁਲਿਸ ਉਸ ਤੋਂ ਚਿੜ੍ਹ ਗਈ ਹੋਵੇਗੀ। ਡਾ. ਬਚਿੱਤਰ ਸਿੰਘ ਨੂੰ ਕਿਸ ਨੇ ਮਾਰਿਆ ? ਖਾੜਕੂਆਂ ਨੇ ਜਾਂ ਪੁਲਿਸ ਨੇ ?